ਰਤਨ ਮਾਲਾ

ੴ ਸਤਿਗੁਰ ਪ੍ਰਸਾਦਿ ॥
ਰਾਗੁ ਰਾਮਕਲੀ ਰਤਨ ਮਾਲਾ
ਮਹਲਾ ੧ ॥

ਆਸਨ ਸਾਧ ਨਿਰਾਲਮ ਰਹੈ ॥ ਪੰਚ ਤਤੁ ਕਾ ਨਿਗ੍ਰਹ ਗਹੈ ॥ ਥੋੜੀ ਨਿੰਦ੍ਰਾ ਅਲਪ ਅਹਾਰੀ ॥ ਸਾਧ ਕਾ ਪਿੰਡੁ ਸਦਾ ਬੀਚਾਰੀ ॥ ਜਤ ਸਤ ਸੰਜਮ ਸੁਰਤਿ ਬਿਚਖਣ ॥ ਨਾਨਕ ਕਹੈ ਜੋਗ ਕੇ ਲਖਣ ॥ ੧ ॥ ਜਾਂ ਬੋਲੈ ਤਾਂ ਬ੍ਰਹਮੁ ਗਿਆਨ ॥ ਅਹਿਨਿਸਿ ਜਾਗੈ ਰਹੈ ਧਿਆਨ ॥ ਸੁੰਨ ਮੰਡਲ ਮਹਿ ਡੋਰੀ ਧਰੈ ॥ ਗੁਰ ਪਰਸਾਦੀ ਕਦੇ ਨ ਮਰੈ ॥ ਇਨ ਬਿਧਿ ਕੀਜੈ ਗੁਰ ਕੀ ਸੇਵਾ ॥

---

*ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ।

ਤਾਕਉ ਬੰਦਹਿ ਸਗਲੇ ਦੇਵਾ ॥ ਜਿਹਬਾ ਭੇਦ ਨ ਦੇਈ ਰਖਣ ॥ ਨਾਨਕ ਕਹੈ ਜੋਗ ਕੇ ਲਖਣ ॥ ੨ ॥ ਤਾਮਸ ਤਿਸਨਾ ਲੋਭੁ ਨਿਵਾਰੈ ॥ ਪੰਚ ਅਗਨਿ ਘਟਿ ਭੀਤਰਿ ਜਾਰੈ ॥ ਅਹਿਨਿਸਿ ਰਹੈ ਬ੍ਰਿਤੀ ਚੜ੍ਹਾਇ ॥ ਸਹਜੇ ਉਪਜੈ ਦੁਰਮਤਿ ਜਾਇ ॥ ਸਾਧੁ ਨਿਵਾਜੇ ਬਾਧੈ ਚੋਰ ॥ ਜਮ ਜਾਗਾਤਿ ਨ ਲਾਗੈ ਤੋਰੁ ॥ ਹਰਿ ਬਿਨ ਮੰਤ੍ਰ ਨ ਜਪੀਐ ਹੋਰੁ ॥ ਊਤਮੁ ਭਲੇ ਜਿਨਾ ਕੇ ਜਖਣ ॥ ਨਾਨਕ ਕਹੈ ਜੋਗ ਕੇ ਲਖਣ ॥ ੩ ॥ ਪਾਂਚੋ ਇੰਦ੍ਰੀ ਦ੍ਰਿੜ ਕਰਿ ਰਾਖੈ ॥ ਜਿਹਬਾ ਅਸਤ ਕਦੇ ਨ ਭਾਖੈ ॥ ਕੋਟਿ ਕੋਟੰਤਰਿ ਤਤ ਕਾ ਬੇਤਾ ॥ ਗਗਨ ਮੰਡਲ ਮਹਿ ਰਾਖੈ ਚੇਤਾ ॥ ਸੰਤ ਪਇਆਲ ਗਗਨ ਸਭ ਭਰੈ ॥ ਜਾਇ ਤ੍ਰਿਬੇਣੀ ਮਜਨ ਕਰੈ ॥ ਸਤ ਪੰਚ ਨਉ ਲਗਾ ਰਖਣ ॥ ਨਾਨਕ ਕਹੈ ਜੋਗ ਕੇ ਲਖਣ ॥ ੪ ॥ ਪੂਰਬਿ ਚੜ੍ਹੈ ਪਸਚਮਿ ਚਲਿ ਆਵੈ। ਰਵਿ ਸਸਿ ਦੁਹਾ ਇਕਤ੍ਰ ਮਿਲਾਵੈ॥ ਅਉ ਹਟ ਪਟਣ ਕੀ ਚੀਨੈ ਬਾਟਿ ॥ ਤਾਂ ਪਰਿ ਬੂਝੈ ਅਉਘਟਿ ਘਾਟਿ ॥ ਨਉਖੰਡ ਦੇਖੈ ਪੂਰਬਿ

ਪਛਮੁ ਉਤਰ ਦਖਣ॥ਨਾਨਕ ਕਹੈ ਜੋਗਕੇ ਲਖਣ ॥੫॥ ਯਹ ਤਨੁ ਭਾਂਡਾ ਸੁਰਤਿ ਕਰਿ ਦੂਧੁ॥ ਪਾਏ ਸਚੁ ਸਮਾਇਣ ਸੁਧਿ॥ ਜੁਗਤਿ ਜਤਨ ਕਰਿ ਸਹਜਿ ਸਮਾਇ॥ਜੁਗਤਿ ਵਿਹੂਣੀ ਵਿਚਹੁ ਜਾਇ ॥ ਗਿਆਨ ਮਧਾਣੀ ਨੇਤ੍ਰਾ ਨਾਮ॥ ਇਨ ਬਿਧਿ ਜਪੀਐ ਕੇਵਲੁ ਰਾਮੁ॥ ਰੋਲਿ ਬਿਰੋਲਿ ਲੀਆ ਜੇ ਮਖਣ॥ ਨਾਨਕ ਕਹੈ ਜੋਗ ਕੇ ਲਖਣ ॥੬॥ਤ੍ਰਿਹੁ ਕਾ ਮਾਨਿ ਮਿਲਾਵੈ ਮਾਨੁ॥ ਪੰਚਾ ਮਹਿ ਹੋਵੈ ਪਰਧਾਨ॥ਪੰਚਾ ਕਾ ਜੋ ਜਾਣੈ ਭੇਉ॥ਸੋਈ ਕਰਤਾ ਸੋਈ ਦੇਉ॥ ਅਗਮ ਨਿਗਮੁ ਜੇ ਵਾਚੈ ਜਾਣ॥ ਬੰਧੈ ਨਵਾਂ ਗ੍ਰਿਹਾ ਘਰਿ ਆਣਿ॥ ਸਤ ਸਤਾਈ ਚਉਦਹਿ ਚਾਰ॥ ਤਾਕੇ ਆਗੈ ਖੜੇ ਦੁਆਰਿ॥ ਅਠ ਅਠਾਰਹ ਬਾਰਹ ਬੀਸ॥ ਤਾਕੇ ਅਗੈ ਕਢਹਿ ਖੜੇ ਹਦੀਸ॥ਉਚੀ ਨਦਰ ਸਰਾਫੀ ਹੋਇ ॥ ਨਾਨਕ ਕਹੈ ਉਦਾਸੀ ਸੋਇ ॥੭॥ ਸੋ ਉਦਾਸੀ ਜਿ ਪਾਲੈ ਉਦਾਸ॥ ਰੂਖ ਬਿਰਖ ਕਰਿ ਕੰਦਰਿ ਵਾਸ॥ ਅਹਿਨਿਸਿ ਰਹਿਬੋ ਜੋਗ ਅਭਿਆਸ॥ ਪਰਸੈ ਅੰਗ ਨ ਲਾਵੈ ਪਾਸ॥ ਜਿਤੁ ਤਨਿ

ਦੁਤੀਆ ਮੈਲ ਨ ਹੋਈ ॥ ਨਾਨਕ ਕਹੈ ਉਦਾਸੀ ਸੋਈ ॥ ੮ ॥ ਗਿਆਨਿ ਖੜਗਿ ਲੈ ਮਨ ਸੋ ਲੂਝੈ ॥ ਮਰਮ ਦਸਾ ਪੰਚਾਂ ਕਾ ਬੂਝੈ ॥ ਮਨ ਮਿਰਤਕ ਕੀ ਪਾਏ ਗੰਠ ॥ ਤੀਰਥਿ ਪਰਸੈ ਤ੍ਰੈ ਸੈ ਸਠ ॥ ਜਿਨ ਯਹ ਮੈਲ ਮਨਹਿ ਕੀ ਖੋਈ ॥ ਨਾਨਕ ਕਹੈ ਉਦਾਸੀ ਸੋਈ ॥ ੯ ॥ ਦੇਹੀ ਅੰਦਰ ਅਠਸਠਿ ਹਾਟਿ ॥ ਤਾਕੇ ਬਜਰ ਜੜਾਏ ਪਾਟਿ ॥ ਅਉਘਟ ਘਾਟਿ ਬਿਖਮ ਹੈ ਬਾਟਿ ॥ ਐਸਾ ਮਾਰਗ ਗੁਰੂ ਦਿਖਾਇਆ ॥ ਦਹਦਿਸ ਦੇਖਿ ਸਹਜਿ ਘਰ ਆਇਆ ॥ ਅਠਸਠਿ ਗੰਠੀ ਖੋਲੈ ਕੋਇ ॥ ਨਾਨਕ ਕਹੈ ਉਦਾਸੀ ਸੋਇ ॥ ੧੦ ॥ ਪ੍ਰਿਥਮੈ ਪੂਰਬ ਕਉ ਗਉਨ ਕਰੈ ॥ ਦੁਤੀਆ ਦਖਣ ਕਉ ਦਿਸ ਧਰੈ ॥ ਪਛਮ ਤੇ ਜੋ ਚੜੈ ਸੁਮੇਰ ॥ ਆਵੈ ਪਰਦਖਣਾ ਕੈ ਫੇਰ ॥ ਪੁਰੀਆ ਸਾਤਿ ਊਪਰਿ ਕਉਲਾਸਣਿ ॥ ਤਿਥੈ ਪਾਰਬ੍ਰਹਮ ਕਾ ਆਸਣ ॥ ਜਿਨ ਹਰਿ ਰਤਨੈ ਮਾਲ ਪਰੋਈ ॥ ਨਾਨਕ ਕਹੈ ਉਦਾਸੀ ਸੋਈ ॥ ੧੧ ॥ ਕਹਾ ਸੁ ਗਗਨ ਦੇਵਤਾ ਭਉਣੁ ॥ ਅਹਿ-

ਨਿਸਿ ਸਦਾ ਮਨਾਵੈ ਸਉਣੁ ॥ ਮਹਾ ਸੂਰਾ ਪੂਰਾ ਕਉਣੁ ॥ ਅਹਿਨਿਸਿ ਜੂਝੈ ਦੁਰਜਨ ਦਉਣੁ ॥ ਬਧੈ ਬੈਸੰਤਰਿ ਪਾਣੀ ਪਉਣ ॥ ਗਗਨ ਮੰਡਲ ਗਊ ਜਿਨ ਚੋਈ ॥ ਨਾਨਕ ਕਹੈ ਉਦਾਸੀ ਸੋਈ ॥ ੧੨ ॥ ਗੁਰ ਕਾ ਭਗਤਿ ਇੰਦ੍ਰੀ ਕਾ ਜਤੀ ॥ ਹਿਰਦੈ ਕਾ ਮੁਕਤਾ ਮੁਖ ਕਾ ਸਤੀ॥ਦਿਸਟ ਦਇਆਲ ਦਇਆ ਕਰਿ ਦਾਨ ॥ ਜੇ ਘਟਿ ਨਿਵੈ ਤਾ ਨਿਵਿਆ ਜਾਨ॥ਬਚਨ ਸਫਲ ਕਾ ਸੁਫਲਾ ਹੂਤੁ॥ ਨਾਨਕ ਕਹੈ ਸੋਈ ਅਉਧੂਤੁ ॥ ੧੩ ॥ ਚੰਚਲ ਚਾਇ ਨ ਜਾਇ ਤਮਾਸੇ ॥ ਜੂਐ ਜਾਇ ਨ ਖੇਲੈ ਪਾਸੇ ॥ ਅੰਗੈ ਚੰਗੈ ਚਿਤ ਨ ਲਾਏ ॥ ਗੁਰ ਕਾ ਦਿਤਾ ਅੰਗ ਹਢਾਏ ॥ ਪਰ ਘਰੁ ਜਾਇ ਨ ਕੀਜੈ ਕਥ ॥ ਏਹਾ ਹੈ ਸਤਿਗੁਰ ਕੀ ਨਥ ॥ ਗੁਰ ਕੀ ਸੀਖਿਆ ਸੁਣ ਰੇ ਪੂਤ ॥ ਨਾਨਕ ਕਹੈ ਸੋਈ ਅਉਧੂਤ ॥ ੧੪ ॥ ਔਸਰਾ ਨਦੀ ਅਪੁਠੀ ਤਰੈ॥ ਅਹਿਨਿਸਿ ਸਦਾ ਸਧੀਰੀ ਸਰੈ ॥ ਕਮਲ ਉਲਟੈ ਪਲਟੇ ਪਉਣ ॥ ਇਉ ਨਿਵਾਰੇ ਆਵਾਗਉਣ ॥ ਮਨਿ ਪਉਣੈ ਕਉ ਰਾਖਹਿ ਬੰਧ ॥ ਲਹੈ

ਤ੍ਰਿਬੇਣੀ ਤਿਕੁਟੀ ਸੰਧ ॥ ਅਪਨੈ ਵਸਿ ਕਰਿ ਰਾਖੈ ਦੂਤ ॥ ਨਾਨਕ ਕਹੈ ਸੋਈ ਅਉਧੂਤੁ ॥ ੧੫ ॥ ਗਗਨੰਤਰਿ ਕਰਿ ਭਵਰ ਉਡਾਵੈ ॥ ਅਹਿਨਿਸਿ ਗੁਡੀ ਡੋਰੀ ਲਾਵੈ ॥ ਪਰਚਾ ਹੋਈ ਤਾ ਫਿਰ ਘਰ ਆਵੈ ॥ ਇਨਿ ਬਿਧਿ ਜੁਗਤਿ ਕਮਾਵੈ ਜੋਗੁ ॥ ਆਏ ਹਰਖ ਨ ਗਏ ਸੋਗੁ ॥ ਸੰਜਮ ਰਹੈ ਨ ਬਿਨਸੈ ਸੂਤੁ ॥ ਨਾਨਕ ਕਹੈ ਸੋਈ ਅਉਧੂਤੁ ॥੧੬॥ ਜਿਨਹਿ ਮਾਇਆ ਜਗ ਮੋਹਿਆ ਬਰਮਾ ਬਿਸਨ ਮਹੇਸੁ ॥ ਬ੍ਰਹਮਾਦਿਕ ਇੰਦ੍ਰਾਦਿਕ ਸਿਧਿ ਸਾਧਕ ਮੁਨਿਏਸੁ ॥ ਜਤੀ ਸਤੀ ਭਵ ਭੀਖ ਕਰਸੀ ਮੋਹੀ ਮੋਹਨਹਾਰ ॥ਇੰਦ੍ਰ ਇੰਦ੍ਰਾਦਿਕ ਜੁਗ ਜੁਗ ਹਉਮੈ ਚਿੰਤਾ ਧਾਰ॥ਦੇਵੀ ਦੇਵ ਸਬਾਇਆ ਸਿਧ ਸਾਧਿਕ ਮੁਨਿ ਧਿਆਨ ॥ ਨਾਨਕ ਕਾਲਿ ਜਾਲ ਬਸਿ ਯਾਹਿ ਤੇ ਹੁਕਮਿ ਸਚੈ ਨੀਸਾਨ ॥ ੧੭ ॥ ਸਾਸਤ ਬੇਦ ਕਤੇਬ ਸੁਣ ਨਰਕ ਸੁਰਗ ਤੇ ਜਾਹਿ ॥ ਮਾਇਆ ਮੋਹਿਆ ਗੁਰ ਸਬਦ ਬਿਨ ਮਨਮੁਖ ਭਰਮ ਭੁਲਾਹਿ ॥ ਸੁਰਗ ਮਿਰਤ ਤਨ ਮੋਹਿਆ ਸਪਤ ਲੋਕ

ਪਾਤਾਲ ॥ ਆਕਾਸੀ ਬੈਕੁੰਠ ਲੋਗ ਸੇ ਮੋਹੇ ਮਾਇਆ ਜਾਲ ॥ ਜੋ ਸਰਨ ਪਰੇ ਜਗਦੀਸ ਕੀ ਸੰਤ ਜਨਾ ਪਗ ਰੇਨ ॥ ਨਾਨਕ ਸੋ ਦਰਸਨ ਪਾਇਸੀ ਅਬਿਨਾਸੀ ਸੁਖ ਸੇਨ ॥ ੧੮ ॥ ਗੁਰ ਜਤ ਸਤ ਸਿਵਰਉ ਮੁਕਤ ਸਰੋਵਰ ਜਪੁ ਤਪੁ ਸਹਜਿ ਧਿਆਨਾ ॥ ਸੂਖ ਸਰੋਵਰ ਮੁਕਤਿ ਵਰਦਾਤਾ ਘਟਿ ਘਟਿ ਸੋ ਪਰਧਾਨਾ ॥ ਇਹੁ ਸਚੁ ਸੰਜਮੁ ਗੁਰ ਗਿਆਨੁ ਪਦਾਰਥੁ ਹਰਿ ਅੰਤਰਿ ਭਗਤ ਖਜਾਨਾ ॥ ਮਿਥਿਆ ਲੋਭ ਭਏ ਮਨ ਸੂਚਾ ਸਹਜਿ ਭਾਇ ਮਨ ਮਾਨਾ ॥ ਮੁਕਤਿ ਸਰੋਵਰ ਭਇਆ ਸੁ ਮੁਕਤਾ ਨਾਉ ਸੁਨ ਖਸਮ ਨਿਕਾਲਾ॥ਨਾਉ ਸੁਨ ਦਾਤਾ ਭਗਤ ਅਗਨਿ ਪ੍ਰਭ ਪਾਇਆ ਦੀਨ ਦਇਆਲਾ ॥ ੧੯ ॥ ਤ੍ਰਿਭਵਨ ਮਹਿ ਝੁਲੇ ਅਮਰਪਦਡੰਡਾ॥ਅਲਖ ਘਰ ਆਸਨ ਤ੍ਰਿਸਨਾ ਭਉ ਖੰਡਾ ॥ ਸੁ ਆਕਲ ਪਾਵਹਿ ਸਤਿ-ਗੁਰ ਕੀ ਸੇਵਾ ॥ ਤਾਕਉ ਬੰਦਹਿ ਦੇਵੀ ਦੇਵਾ ॥ ਜਿਹਬਾ ਅਨਰਸ ਸੁਆਦਿ ਬਿਚਖਣ ॥ ਨਾਨਕ ਸਹਜਿ ਬੈਰਾਗ ਕੇ ਲਖਣ ॥ ੨੦ ॥ ਬਿਮਲਾ

ਨਦੀ ਉਲਟੀ ਤਰੈ ॥ ਉਲਟੀ ਪਲਟ ਸਿਧੀਰੀ ਕਰੈ ॥ ਸੀਧਾ ਕਮਲ ਪੂਰਨ ਤਿਹ ਪਉਨ ॥ ਇਉ ਨਿਵਾਵੈ ਆਵਾ ਗਉਨ ॥ ਮਨ ਪਵਨੈ ਕਉ ਸਬਦ ਲੈ ਬੰਧ ॥ ਨਾਨਕ ਇਉ ਤੂਟੈ ਜਮ ਕਾ ਫੰਧ ॥ ੨੧ ॥ ਸੋ ਅਬਿਨਾਸੀ ਆਪੇ ਆਪਿ ॥ ਕਾਲ ਬਿਕਾਲ ਕਉ ਮਾਰੇ ਚਾਪ ॥ ਪਰ ਘਰਿ ਜਾਇ ਨ ਸੁਨੇ ਅਕਥ॥ ਇਹ ਆਦਿ ਪੁਰਖੁ ਸਤਿ ਗੁਰ ਕੀ ਨਥ ॥ ਸਤਿਗੁਰ ਕੀ ਸੀਖਿਆ ਸੁਨ ਰੇ ਪੂਤ ॥ ਨਾਨਕ ਜੁਗੁ ਜੁਗੁ ਸਤਿਗੁਰ ਅਉਧੂਤ ॥ ੨੨ ॥ ਅੰਤਰਜਾਮੀ ਮਿਲੇ ਸਹੇਲਾ ॥ ਜਾਗਤ੍ਰ ਅਵਸਥਾ ਮਨ ਮਾਹਿ ਇਕੇਲਾ ॥ ਖਿਮਾ ਸਰ ਭਰਿਆ ਮਾਣਕ ਮੋਤੀ ॥ ਅਮਰਾ ਪੁਰ ਚੜਿ ਜਿਨਿ ਮਾਲ ਪਰੋਤੀ ॥ ਰੋਗ ਬਿਰੋਗ ਸੋਗ ਪਰ ਜਾਲੈ ॥ ਆਪ ਪਛਾਤਾ ਗਤਿ ਮਿਤਿ ਨਾਲੈ॥ਐਸਾ ਅਲਖ ਅਪਾਰ ਨਿਰਾਲਾ ॥ ਨਾਨਕ ਦੀਨ ਪ੍ਰਤਿ-ਪਾਲ ਸਮਾਲਾ ॥ ੨੩ ॥ ਅਰਚੈ ਕੈ ਘਰ ਰਹੈ ਉਦਾਸੁ ॥ ਪਰਚੈ ਕੈ ਘਰੁ ਕਰੈ ਨਿਵਾਸੁ ॥ ਉਦਰਕੈ ਸਬਦਿ ਬਿਲਯਾ ਭਾਗੀ ॥ ਨਾਨਕ

ਕਹੈ ਸੋਈ ਬੈਰਾਗੀ ॥ ੨੪ ॥ ਬੈਰਾਗੀ ਸੋ ਜੋ ਬੈ ਮਹਿ ਆਵੈ ॥ ਸਿਵ ਕੈ ਆਗੈ ਸਕਤਿ ਨਿਵਾਵੈ ॥ ਸਿਵ ਸ਼ਕਤੀ ਕੇ ਕਰਮੁ ਕਰੈ ॥ ਅਜਰ ਵਸਤੁ ਅਗੋਚਰ ਜਰੈ ॥ਤਾਮਸ ਤਿਸਨਾ ਮਨੋ ਤਿਆਗੀ॥ ਨਾਨਕ ਕਹੈ ਸੋਈ ਬੈਰਾਗੀ ॥੨੫॥

--o--